# ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ

ਵੱਲੋਂ

ਮੁੱਖ ਨਗਰ ਯੋਜਨਾਕਾਰ, ਪੰਜਾਬ
ਚੰਡੀਗੜ੍ਹ

ਸੇਵਾ ਵਿਖੇ

1. ਸਮੂਹ ਸੀਨੀਅਰ ਨਗਰ ਯੋਜਨਾਕਾਰ,
2. ਸਮੂਹ ਜਿਲਾ ਨਗਰ ਯੋਜਨਾਕਾਰ,
3. ਸਮੂਹ ਡਿਪਟੀ ਜਿਲਾ ਨਗਰ ਯੋਜਨਾਕਾਰ।

ਯਾਦ ਪੱਤਰ ਨੰ:6212-30 ਸੀਟੀਪੀ(ਪਬ)/ਐਸ.ਪੀ. 402 ਮਿਤੀ: 22-07-08

**ਵਿਸ਼ਾ:** **Permission for installation of communication Towers Antennae in the areas outside Municipal/PUDA Limits.**

**ਹਵਾਲਾ:** **ਇਸ ਦਫਤਰ ਦੇ ਪੱਤਰ ਨੰ: 4480-98-ਸੀਟੀਪੀ(ਪਬ)/ਐਸਪੀ-402, ਮਿਤੀ 6-5-08 ਦੀ ਲਗਾਤਾਰਤਾ ਵਿੱਚ ।**

2 ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਸਪਸ਼ਟ ਕੀਤਾ ਜਾਂਦਾ ਹੈ ਕਿ ਕਿਉਂ ਜੋ ਮੈਸ: ਇੰਡਸ ਟਾਵਰਜ਼ ਲਿਮਟਿਡ ਦੀ ਪ੍ਰਤੀ ਬੇਨਤੀ ਵਿੱਚ ਲਿਖਿਆ ਗਿਆ ਸੀ ਟਾਵਰ ਕੰਪਨੀ ਵੱਲੋਂ ਮੌਕੇ ਤੇ ਟਾਵਰ ਦੀ ਉਸਾਰੀਕਰਨ ਉਪਰੰਤ ਹੀ ਡੀ.ਜੀਸੈਂਟ ਲਗਾਉਣ ਤੇ ਹੀ ਪੰਜਾਬ ਪਲਿਉਸ਼ਨ ਕੰਟਰੋਲ ਬੋਰਡ ਤੋਂ ਐਨ.ਓ.ਸੀ ਜਾਰੀ ਕੀਤੇ ਜਾਂਦੇ ਹਨ। ਇਸ ਲਈ ਟਾਵਰਾਂ ਦੀ ਪ੍ਰਵਾਨਗੀ ਵੇਲੇ ਪੰਜਾਬ ਪਾਲਿਉਸ਼ਨ ਕੰਟਰੋਡ ਬੋਰਡ ਦੇ ਐਨ.ਓ.ਸੀ. ਨੂੰ ਸੰਬੰਧਤ ਜਿਲਾ ਨਗਰ ਯੋਜਨਾਕਾਰ ਨੂੰ ਪ੍ਰਵਾਨਗੀ ਵੇਲੇ ਸਬਮਿੱਟ ਨਾ ਕਰਨ ਸੰਬੰਧੀ ਛੋਟ ਦਿੱਤੀ ਜਾਵੇ।

ਉਪਰੋਕਤ ਦੇ ਸੰਨਮੁੱਖ ਸਪਸ਼ਟ ਕੀਤਾ ਜਾਂਦਾ ਹੈ ਕਿ ਟਾਵਰ ਕੰਪਨੀ ਨੂੰ ਟਾਵਰ ਦੀ ਪ੍ਰਵਾਨਗੀ ਦਿੰਦੇ ਸਮੇਂ ਇਹ ਸ਼ਰਤ ਲਗਾ ਦਿੱਤੀ ਜਾਵੇ ਕਿ ਉਹਨਾਂ ਵੱਲੋਂ ਟਾਵਰ ਦਾ ਓਪਰੇਸ਼ਨ ਸ਼ੁਰੂ ਕਰਨ ਤੋਂ ਪਹਿਲਾਂ ਪੰਜਾਬ ਪਾਲਿਊਸ਼ਨ ਕੰਟਰੋਲ ਬੋਰਡ ਤੋਂ 3 ਮਹੀਨੇ ਦੇ ਅੰਦਰ ਐਨ.ਓ.ਸੀ. ਪ੍ਰਾਪਤ ਕੀਤਾ ਜਾਵੇਗਾ ਅਜਿਹਾ ਨਾਂ ਕਰਨ ਦੀ ਸੂਰਤ ਵਿੱਚ ਪ੍ਰਵਾਨਗੀ ਨੂੰ ਆਪਣੇ ਆਪ ਵਿੱਚ ਰੱਦ ਸਮਝਿਆ ਜਾਵੇ । ਉਕਤ ਸਬੰਧੀ ਫੀਲਡ ਦਫਤਰਾਂ ਨੂੰ ਸੂਚਿਤ ਕਰ ਦਿੱਤਾ ਜਾਵੇ।

ਮੁੱਖ ਨਗਰ ਯੋਜਨਾਕਾਰ, ਪੰਜਾਬ,
ਚੰਡੀਗੜ੍ਹ।

ਪਿੱਠ ਅੰਕਣ ਨੰ:6231 ਸੀਟੀਪੀ(ਪਬ)/ਐਸ.ਪੀ.402 ਮਿਤੀ: 22-07-08

ਇਸ ਦਾ ਇੱਕ ਉਤਾਰਾ ਸੀਨੀਅਰ ਨਗਰ ਯੋਜਨਾਕਾਰ, ਐਸ.ਏ. ਐਸ ਨਗਰ ਨੂੰ ਉਹਨਾਂ ਦੇ ਪੱਤਰ ਨੰ: 1349-ਸਟਪ(ਐਸ)/ਐਸ.ਪੀ.31, ਮਿਤੀ 13-6-08 ਦੇ ਸੰਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਮੁੱਖ ਨਗਰ ਯੋਜਨਾਕਾਰ, ਪੰਜਾਬ,
ਚੰਡੀਗੜ੍ਹ।